# ਪੰਜਾਬ ਪੰਜਾਬੀ ਅਤੇ ਹੋਰ ਭਾਸ਼ਾਵਾਂ ਸਿੱਖਿਆ ਐਕਟ 2008

(ਪੰਜਾਬ ਦਾ 2008 ਦਾ ਐਕਟ ਨੰਬਰ 25)

(ਪੰਜਾਬ ਦੇ ਰਾਜਪਾਲ ਵੱਲੋਂ 10 ਅਕਤੂਬਰ 2008 ਨੂੰ ਮੰਨਜ਼ੂਰੀ ਪ੍ਰਾਪਤ ਹੋਈ ਅਤੇ ਪੰਜਾਬ ਸਰਕਾਰ ਦੇ ਰਾਜ ਪੱਤਰ (ਅਸਧਾਰਨ) ਵਿਚ 22 ਅਕਤੂਬਰ 2008 ਨੂੰ ਪਹਿਲੀ ਵਾਰ ਪ੍ਰਕਾਸ਼ਿਤ ਹੋਇਆ।)

ਪਹਿਲੀ ਜਮਾਤ ਤੋਂ ਦਸਵੀਂ ਜਮਾਤ ਵਿਚ ਪੜ੍ਹਦੇ ਸਾਰੇ ਵਿਦਿਆਰਥੀਆਂ ਲਈ ਪੰਜਾਬੀ ਦੀ ਇੱਕ ਲਾਜ਼ਮੀ ਵਿਸ਼ੇ ਵਜੋਂ ਸਿੱਖਿਆ ਪ੍ਰਾਪਤ ਕਰਨ ਅਤੇ ਹੋਰ ਭਾਸ਼ਾਵਾਂ ਭੀ ਸਿੱਖਣ, ਅਤੇ ਇਹਨਾਂ ਨਾਲ ਜੁੜੇ ਜਾਂ ਪ੍ਰਸੰਗਕ ਮਸਲਿਆਂ ਲਈ ਵਿਵਸਥਾ ਕਰਦਾ ਇਹ ਐਕਟ।

ਪੰਜਾਬ ਰਾਜ ਦੀ ਵਿਧਾਨ ਸਭਾ ਵੱਲੋਂ, ਭਾਰਤੀ ਗਣਰਾਜ ਦੇ 59ਵੇਂ ਸਾਲ ਵਿਚ, ਇਸ ਨੂੰ ਹੇਠ ਲਿਖੇ ਅਨੁਸਾਰ ਬਣਾਇਆ ਗਿਆ:

1. ਸੰਖੇਪ ਨਾਂ ਅਤੇ ਆਰੰਭ- (1) ਇਸ ਐਕਟ ਨੂੰ 'ਪੰਜਾਬ ਪੰਜਾਬੀ ਅਤੇ ਹੋਰ ਭਾਸ਼ਾਵਾਂ ਸਿੱਖਿਆ ਐਕਟ 2008' ਕਿਹਾ ਜਾਵੇਗਾ।

(2) ਇਹ ਤੁਰੰਤ ਲਾਗੂ ਹੋਵੇਗਾ।

2. ਪਰਿਭਾਸ਼ਾਵਾਂ- ਜਿੰਨਾ ਚਿਰ ਕਿਸੇ ਹੋਰ ਸੰਦਰਭ ਵਿਚ ਨਾ ਲੋੜੀਂਦਾ ਹੋਵੇ ਉਨਾ ਚਿਰ ਇਸ ਐਕਟ ਵਿਚ

(ੳ) 'ਅਕਾਦਮਿਕ ਸਾਲ' ਤੋਂ ਭਾਵ ਹਰ ਸਾਲ ਦੇ 01 ਅਪ੍ਰੈਲ ਤੋਂ ਸ਼ੁਰੂ ਹੋਣ ਵਾਲਾ ਸਾਲ

(ਅ) 'ਬੋਰਡ ਜਾਂ ਸੰਸਥਾ' ਤੋਂ ਭਾਵ ਅਜਿਹੀ ਅਥਾਰਟੀ (ਅਧਿਕਾਰੀ) ਤੋਂ ਹੈ ਜਿਸ ਨੂੰ ਕਿਸੇ ਕਾਨੂੰਨ ਜਾਂ ਕਿਸੇ ਸਰਕਾਰ ਦੇ ਹੁਕਮ ਦੁਆਰਾ ਦਸਵੀਂ ਜਮਾਤ ਪਾਸ ਕਰਨ ਦਾ ਪ੍ਰਮਾਣ-ਪੱਤਰ ਜਾਰੀ ਕਰਨ ਦਾ ਅਧਿਕਾਰ ਪ੍ਰਾਪਤ ਹੋਵੇ।

(ੲ) 'ਸਮਰੱਥ ਅਧਿਕਾਰੀ' ਤੋਂ ਭਾਵ ਅਜਿਹਾ ਅਧਿਕਾਰੀ ਹੈ ਜੋ ਇਸ ਐਕਟ ਦੀ ਧਾਰਾ 6 ਅਧੀਨ ਨਿਯੁਕਤ ਕੀਤਾ ਗਿਆ ਹੈ।

(ਸ) 'ਨਿਰਧਾਰਤ' ਤੋਂ ਭਾਵ ਇਸ ਐਕਟ ਅਧੀਨ ਬਣਾਏ ਨਿਯਮਾਂ ਦੁਆਰਾ ਨਿਰਧਾਰਤ ਤੋਂ ਹੈ।

(ਹ) 'ਸਕੂਲ' ਵਿਚ ਰਾਜ ਸਰਕਾਰ ਜਾਂ ਕਿਸੇ ਸਥਾਨਕ ਸੰਸਥਾ ਜਾਂ ਪੰਚਾਇਤ ਜਾਂ ਸੋਸਾਇਟੀ ਜਾਂ ਟਰੱਸਟ ਦੁਆਰਾ ਸਥਾਪਤ ਜਾਂ ਸੰਚਾਲਤ ਕੀਤੇ ਜਾਂਦੇ ਪ੍ਰਾਇਮਰੀ ਸਕੂਲ, ਮਿਡਲ ਸਕੂਲ, ਹਾਈ ਸਕੂਲ ਅਤੇ ਸੀਨੀਅਰ ਸੈਕੰਡਰੀ ਸਕੂਲ, ਅਤੇ ਹੋਰ ਅਜਿਹੇ ਸਕੂਲ ਸ਼ਾਮਲ ਹਨ ਜੋ ਕਿ ਰਾਜ ਸਰਕਾਰ ਵੱਲੋਂ ਸਮੇਂ-ਸਮੇਂ ਤੇ ਘੋਸ਼ਿਤ ਕੀਤੇ ਗਏ ਹੋਣ।

(ਕ) 'ਧਾਰਾ' ਤੋਂ ਭਾਵ ਇਸ ਕਾਨੂੰਨ ਦੀ ਕਿਸੇ ਧਾਰਾ ਤੋਂ ਹੈ।

(ਖ) 'ਸੋਸਾਇਟੀ' ਤੋਂ ਭਾਵ ਉਹ ਸੋਸਾਇਟੀ ਹੈ ਜੋ 'ਦੀ ਸੋਸਾਇਟੀਜ਼ ਰਜਿਸਟ੍ਰੇਸ਼ਨ ਐਕਟ 1860' (1860 ਦਾ ਸੈਂਟਰਲ ਐਕਟ ਨੰਬਰ 21) ਅਧੀਨ ਪੰਜੀਕ੍ਰਿਤ ਹੈ।

(ਗ) 'ਟਰੱਸਟ' ਵਿਚ 'ਦੀ ਇੰਡੀਅਨ ਟਰੱਸਟਜ਼ ਐਕਟ 1882' (1882 ਦਾ ਸੈਂਟਰਲ ਐਕਟ ਨੰਬਰ 2) ਅਧੀਨ ਪੰਜੀਕ੍ਰਿਤ ਟਰੱਸਟ ਵੀ ਸ਼ਾਮਲ ਹੈ।

3. ਪੰਜਾਬੀ ਦੀ ਇੱਕ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਈ- (1) ਅਕਾਦਮਿਕ ਵਰ੍ਹੇ 2009-10 ਤੋਂ ਸਾਰੇ ਸਕੂਲਾਂ ਵਿਚ ਪਹਿਲੀ ਜਮਾਤ ਤੋਂ ਦਸਵੀਂ ਜਮਾਤ ਤੱਕ ਪੰਜਾਬੀ ਇੱਕ ਲਾਜ਼ਮੀ ਵਿਸ਼ੇ ਦੇ ਤੌਰ ਤੇ ਪੜ੍ਹਾਈ ਜਾਇਆ ਕਰੇਗੀ।

(2) ਕੋਈ ਬੋਰਡ ਜਾਂ ਸੰਸਥਾ, ਕਿਸੇ ਵਿਦਿਆਰਥੀ ਨੂੰ ਉਨੀ ਦੇਰ ਤੱਕ ਦਸਵੀਂ ਜਮਾਤ ਪਾਸ ਕਰਨ ਦਾ ਪ੍ਰਮਾਣ ਪੱਤਰ ਜਾਰੀ ਨਹੀਂ ਕਰੇਗੀ ਜਿੰਨੀ ਦੇਰ ਤੱਕ ਵਿਦਿਆਰਥੀ ਨੇ ਦਸਵੀਂ ਜਮਾਤ ਦਾ ਪੰਜਾਬੀ ਵਿਸ਼ੇ ਦਾ ਇਮਤਿਹਾਨ ਪਾਸ ਨਹੀਂ ਕਰ ਲਿਆ।

4. ਹਿੰਦੀ ਦੀ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਈ- ਅਕਾਦਮਿਕ ਵਰ੍ਹੇ 2009-10 ਤੋਂ ਸਾਰੇ ਸਕੂਲਾਂ ਵਿਚ ਅੱਠਵੀਂ ਜਮਾਤ ਤੋਂ ਹਿੰਦੀ ਇੱਕ ਲਾਜ਼ਮੀ ਵਿਸ਼ੇ ਦੇ ਤੌਰ ਤੇ ਪੜ੍ਹਾਈ ਜਾਇਆ ਕਰੇਗੀ।

5. ਅੰਗਰੇਜ਼ੀ ਦੀ ਪੜ੍ਹਾਈ- ਉਕਤ ਧਾਰਾਵਾਂ 3 ਅਤੇ 4 ਵਿਚ ਭਾਵੇਂ ਕੁਝ ਵੀ ਦਰਜ ਹੈ, ਕਿਸੇ ਵੀ ਸਕੂਲ ਵਿਚ ਅੰਗਰੇਜ਼ੀ ਦੀ ਪੜ੍ਹਾਈ ਤੇ ਕੋਈ ਰੋਕ ਨਹੀਂ ਹੋਵੇਗੀ।

6. ਸਮਰੱਥ ਅਧਿਕਾਰੀ- (1) ਰਾਜ ਸਰਕਾਰ, ਸਰਕਾਰੀ ਰਾਜ ਪੱਤਰ ਵਿਚ ਅਧਿਸੂਚਨਾ ਜਾਰੀ ਕਰਕੇ, ਸਕੂਲ ਸਿੱਖਿਆ ਵਿਭਾਗ ਦੇ ਕਿਸੇ ਵੀ ਅਫ਼ਸਰ ਨੂੰ ਜੋ ਜ਼ਿਲ੍ਹਾ ਸਿੱਖਿਆ ਅਫ਼ਸਰ ਤੋਂ ਹੇਠਲੇ ਅਹੁੱਦੇ ਦਾ ਨਹੀਂ ਹੋਵੇਗਾ, ਇਸ ਐਕਟ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਦੀ ਪਾਲਣਾ ਲਈ ਸਮਰੱਥ ਅਧਿਕਾਰੀ ਵਜੋਂ ਨਿਯੁਕਤ ਕਰ ਸਕਦੀ ਹੈ।

(2) ਸਮਰੱਥ ਅਧਿਕਾਰੀ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਅਤੇ ਅਜਿਹੇ ਫ਼ਰਜ਼ ਉਵੇਂ ਹੀ ਨਿਭਾਏਗਾ ਜਿਵੇਂ ਇਸ ਕਾਨੂੰਨ ਦੀਆਂ ਵਿਵਸਥਾਵਾਂ ਨੂੰ ਲਾਗੂ ਕਰਨ ਲਈ ਨਿਰਧਾਰਤ ਕੀਤੀਆਂ ਗਈਆਂ ਹੋਣਗੀਆਂ।

7. ਛੋਟ ਦਾ ਅਧਿਕਾਰ- ਰਾਜ ਸਰਕਾਰ ਅਜਿਹੀਆਂ ਸ਼ਰਤਾਂ ਲਗਾ ਕੇ ਜੋ ਇਸ ਨੂੰ ਠੀਕ ਜਾਪਦੀਆਂ ਹੋਣ, ਕਿਸੇ ਆਮ ਜਾਂ ਵਿਸ਼ੇਸ਼ ਹੁਕਮ ਰਾਹੀਂ, ਜੋ ਕਿ ਸਰਕਾਰ ਦੇ ਰਾਜ ਪੱਤਰ ਵਿਚ ਪ੍ਰਕਾਸ਼ਿਤ ਹੋਵੇਗਾ, ਵਿਦਿਆਰਥੀਆਂ ਦੀ ਕਿਸੇ ਸ਼੍ਰੇਣੀ ਜਾਂ ਵਰਗ ਨੂੰ ਇਸ ਕਾਨੂੰਨ ਦੀਆਂ ਸਾਰੀਆਂ ਜਾਂ ਕਿਸੇ ਵਿਵਸਥਾ ਤੋਂ ਛੋਟ ਦੇ ਸਕਦੀ ਹੈ।

8. ਸਜ਼ਾ- (1) ਕੋਈ ਸਕੂਲ ਜੋ ਇਸ ਐਕਟ ਦੀਆਂ ਜਾਂ ਇਸ ਐਕਟ ਅਧੀਨ ਬਣਾਏ ਨਿਯਮਾਂ ਦੀਆਂ ਵਿਵਸਥਾਵਾਂ ਦੀ ਪਹਿਲੀ ਵਾਰ, ਇੱਕ ਮਹੀਨੇ ਲਈ ਉਲੰਘਣਾ ਕਰਦਾ ਹੈ ਤਾਂ ਉਹ 25000/- ਰੁਪਏ ਦੇ ਜੁਰਮਾਨੇ ਦਾ ਭਾਗੀ ਹੈ:

ਬਸ਼ਰਤੇ ਕਿ ਅਜਿਹਾ ਸਕੂਲ ਜੋ ਇਸ ਐਕਟ ਦੀਆਂ ਜਾਂ ਇਸ ਐਕਟ ਅਧੀਨ ਬਣਾਏ ਨਿਯਮਾਂ ਦੀਆਂ ਵਿਵਸਥਾਵਾਂ ਦੀ ਦੂਜੀ ਵਾਰ, ਇੱਕ ਮਹੀਨੇ ਲਈ ਉਲੰਘਣਾ ਕਰਦਾ ਹੈ ਤਾਂ ਉਹ 50000/- ਰੁਪਏ ਦੇ ਜੁਰਮਾਨੇ ਦਾ ਭਾਗੀ ਹੈ:

ਹੋਰ ਸ਼ਰਤ ਹੈ ਕਿ ਅਜਿਹਾ ਸਕੂਲ ਜੋ ਇਸ ਐਕਟ ਦੀਆਂ ਜਾਂ ਇਸ ਐਕਟ ਅਧੀਨ ਬਣਾਏ ਨਿਯਮਾਂ ਦੀਆਂ ਵਿਵਸਥਾਵਾਂ ਦੀ ਤੀਜੀ ਵਾਰ ਅਤੇ ਉਸ ਤੋਂ ਬਾਅਦ, ਇੱਕ ਮਹੀਨੇ ਲਈ ਉਲੰਘਣਾ ਕਰਦਾ ਹੈ ਤਾਂ ਉਹ 100000/- ਰੁਪਏ ਦੇ ਜੁਰਮਾਨੇ ਦਾ ਭਾਗੀ ਹੈ।

(2) ਜੇ ਕੋਈ ਸਕੂਲ ਇਸ ਐਕਟ ਦੀਆਂ ਜਾਂ ਇਸ ਐਕਟ ਅਧੀਨ ਬਣਾਏ ਨਿਯਮਾਂ ਦੀਆਂ ਵਿਵਸਥਾਵਾਂ ਦੀ ਉਲੰਘਣਾ ਇੱਕ ਸਾਲ ਤੋਂ ਵੱਧ ਸਮੇਂ ਤੱਕ ਜਾਰੀ ਰੱਖਦਾ ਹੈ ਤਾਂ ਰਾਜ ਸਰਕਾਰ ਅਜਿਹੇ ਬੋਰਡ ਜਾਂ ਸੰਸਥਾ ਨੂੰ, ਜਿਸ ਨੇ ਉਸ ਨੂੰ ਮਾਨਤਾ ਦਿੱਤੀ ਹੋਵੇ, ਨੂੰ ਉਸ ਸਕੂਲ ਦੀ ਮਾਨਤਾ ਰੱਦ ਕਰਨ ਦਾ ਹੁਕਮ ਦੇ ਸਕਦੀ ਹੈ।

(3) ਉਪ ਧਾਰਾ (1) ਵਿਚ ਦਰਜ ਜੁਰਮਾਨਾ ਉਨੀ ਦੇਰ ਤੱਕ ਨਹੀਂ ਕੀਤਾ ਜਾ ਸਕਦਾ ਜਿੰਨੀ ਦੇਰ ਤੱਕ ਸਬੰਧਤ ਸਕੂਲ ਨੂੰ ਸੁਣਵਾਈ ਦਾ ਮੌਕਾ ਨਹੀਂ ਦਿੱਤਾ ਜਾਂਦਾ।

9. ਜੁਰਮਾਨੇ ਦੀ ਭੂਮੀ ਮਾਲੀਏ ਦੇ ਬਕਾਏ ਵਜੋਂ ਵਸੂਲੀ- ਇਸ ਐਕਟ ਅਧੀਨ ਲਾਇਆ ਗਿਆ ਜੁਰਮਾਨਾ ਭੂਮੀ ਮਾਲੀਏ ਦੇ ਬਕਾਏ ਵਜੋਂ ਵਸੂਲਣ ਯੋਗ ਹੈ।

10. ਸੁਹਿਰਦਤਾ ਨਾਲ ਕੀਤੀ ਕਾਰਵਾਈ ਦੀ ਸੁਰੱਖਿਆ- ਰਾਜ ਸਰਕਾਰ, ਸਮਰੱਥ ਅਧਿਕਾਰੀ ਜਾਂ ਸਰਕਾਰ ਦੇ ਕਿਸੇ ਅਫ਼ਸਰ ਜਾਂ ਕਰਮਚਾਰੀ ਵਿਰੁੱਧ, ਉਸ ਵੱਲੋਂ ਇਸ ਐਕਟ ਦੀਆਂ ਜਾਂ ਇਸ ਅਧੀਨ ਬਣਾਏ ਨਿਯਮਾਂ ਦੀਆਂ ਵਿਵਸਥਾਵਾਂ ਦੀ ਪਾਲਣਾ ਦੇ ਉਦੇਸ਼ ਨਾਲ ਸੁਹਿਰਦਤਾ ਨਾਲ ਕੀਤੀ ਗਈ ਜਾਂ ਕੀਤੀ ਜਾਣ ਵਾਲੀ ਕਾਰਵਾਈ ਕਾਰਨ, ਦੀਵਾਨੀ ਮੁਕੱਦਮਾ, ਫ਼ੌਜਦਾਰੀ ਜਾਂ ਕੋਈ ਹੋਰ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾ ਸਕੇਗੀ।

11. ਰੱਦ ਕਰਨ ਦੀ ਵਿਵਸਥਾ- ਪੰਜਾਬ ਵਿਧਾਨ ਸਭਾ ਵੱਲੋਂ ਪਹਿਲਾਂ ਬਣਾਏ ਹੋਰ ਅਜਿਹੇ ਕਾਨੂੰਨਾਂ ਦੀਆਂ ਵਿਵਸਥਾਵਾਂ ਜੋ ਇਸ ਐਕਟ ਜਾਂ ਇਸ ਐਕਟ ਅਧੀਨ ਬਣਾਏ ਨਿਯਮਾਂ ਦੀਆਂ ਵਿਵਸਥਾਵਾਂ ਦੀਆਂ ਵਿਰੋਧੀ ਹੋਣਗੀਆਂ, ਦੀ ਥਾਂ ਇਹ ਵਿਵਸਥਾਵਾਂ ਅਸਰਦਾਰ (ਲਾਗੂ) ਹੋਣਗੀਆਂ।

12. ਨਿਯਮ ਬਣਾਉਣ ਦਾ ਅਧਿਕਾਰ- (1) ਰਾਜ ਸਰਕਾਰ, ਸਰਕਾਰੀ ਰਾਜ ਪੱਤਰ ਵਿਚ ਅਧਿਸੂਚਨਾ ਜਾਰੀ ਕਰਕੇ, ਇਸ ਕਾਨੂੰਨ ਦੇ ਉਦੇਸ਼ਾਂ ਦੀ ਪੂਰਤੀ ਲਈ ਨਿਯਮ ਬਣਾ ਸਕਦੀ ਹੈ।

(2) ਨੋਟ: ਇਸ ਉਪ ਧਾਰਾ ਵਿਚ, ਵਿਧਾਨ ਸਭਾ ਵਿਚ ਨਿਯਮਾਂ ਦਾ ਡਰਾਫਟ ਪੇਸ਼ ਕਰਨ ਅਤੇ ਫੇਰ ਨਿਯਮਾਂ ਨੂੰ ਮੰਨਜ਼ੂਰ ਜਾਂ ਰੱਦ ਕਰਨ ਦੀ ਵਿਧੀ ਦਰਜ ਹੈ। ਇਸ ਵਿਧੀ ਦਾ ਆਮ ਜਨਤਾ ਨਾਲ ਕੋਈ ਸਬੰਧ ਨਹੀਂ ਹੈ।

13. ਔਕੜਾਂ ਹਟਾਉਣ ਦਾ ਅਧਿਕਾਰ- ਜੇ ਇਸ ਕਾਨੂੰਨ ਦੀਆਂ ਵਿਵਸਥਾਵਾਂ ਲਾਗੂ ਕਰਦੇ ਸਮੇਂ ਕੋਈ ਔਕੜ ਪੇਸ਼ ਆਵੇ ਤਾਂ ਰਾਜ ਸਰਕਾਰ, ਰਾਜ ਪੱਤਰ ਵਿਚ ਛਾਪੇ ਜਾਣ ਵਾਲੇ ਹੁਕਮ ਰਾਹੀਂ, ਉਨ੍ਹਾਂ ਔਕੜਾਂ ਨੂੰ ਦੂਰ ਕਰਨ ਲਈ ਅਜਿਹੀ ਉਚਿਤ ਵਿਵਸਥਾ ਕਰਦੀ ਹੈ ਜੋ ਇਸ ਐਕਟ ਦੀਆਂ ਵਿਵਸਥਾਵਾਂ ਦਾ ਵਿਰੋਧ ਨਾ ਕਰਦੀ ਹੋਵੇ।

ਪਰ ਸ਼ਰਤ ਹੈ ਕਿ ਇਸ ਐਕਟ ਦੇ ਲਾਗੂ ਹੋਣ ਦੇ ਦੋ ਸਾਲ ਬਾਅਦ, ਇਸ ਧਾਰਾ ਅਧੀਨ ਅਜਿਹਾ ਹੁਕਮ ਜਾਰੀ ਨਹੀਂ ਕੀਤਾ ਜਾ ਸਕਦਾ।

---------------------------------------------------------------------------------------------------------------------

(ਨੋਟ: ਅੰਗਰੇਜ਼ੀ ਵਿਚ ਬਣੇ ਇਸ ਐਕਟ ਦਾ ਨਾਂ The Punjab Learning of Punjabi and other Languages Act 2008 ਹੈ। ਪੰਜਾਬ ਸਰਕਾਰ ਵੱਲੋਂ ਹਾਲੇ ਤੱਕ ਇਸ ਐਕਟ ਦਾ ਪ੍ਰਮਾਣਿਤ ਪੰਜਾਬੀ ਅਨੁਵਾਦ ਸਰਕਾਰੀ ਗਜ਼ਟ ਵਿਚ ਨਹੀਂ ਛਾਪਿਆ ਗਿਆ। ਇਸ ਲਈ ਇਹ ਅਣਅਧਿਕਾਰਤ ਅਨੁਵਾਦ ਲੋਕਾਂ ਦੀ ਸਹੂਲਤ ਲਈ ਤਿਆਰ ਕੀਤਾ ਗਿਆ ਹੈ। ਪ੍ਰਮਾਣਿਤ ਨਾ ਹੋਣ ਕਾਰਨ ਇਸ ਅਨੁਵਾਦ ਦੀ ਵਰਤੋਂ ਅਦਾਲਤੀ ਕੰਮ-ਕਾਜ ਲਈ ਨਹੀਂ ਕੀਤੀ ਜਾ ਸਕਦੀ।)

---------------------------------------------------------------------------------------

ਅਨੁਵਾਦ : ਪ੍ਰੋ. ਇੰਦਰਪਾਲ ਸਿੰਘ ਅਤੇ ਮਿੱਤਰ ਸੈਨ ਮੀਤ